بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.11.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਦੁਨੀਆ ਦੇ ਵੱਖ ਵੱਖ ਦੇਸ਼ਾਂ ਨਾਲ ਸੰਬੰਧ ਰਖੱਣ ਵਾਲੇ ਜਮਾਤ ਦੇ ਲੋਕਾਂ ਦਾ ਰੋਯਾ ਵ ਕਸ਼ੂਫ਼ (ਸੁਫ਼ਨਿਆਂ) ਰਾਹੀਂ ਅਹਮਦੀਅਤ ਕੁਬੂਲ ਕਰਨ ਦੇ ਇਮਾਨ ਵਧਾਊ ਘਟਨਾਵਾਂ ਉਪੱਰ ਅਧਾਰਤ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦਾ ਅਖੱਾਂ ਖੋਲ ਦੇਣ ਵਾਲਾ ਖ਼ੁਤਬਾ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਨਵੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਗੱਲ ਕੀਤੀ ਸੀ ਕਿ ਆਪ ਨੇ ਫ਼ਰਮਾਇਆ ਹੈ ਕਿ ਮਨੁੱਖ ਪੱਖਪਾਤ ਤੋਂ ਉਪੱਰ ਉਠੱਕੇ ਪਵਿਤੱਰ ਹੋਕੇ ਅਤੇ ਹਰ ਪ੍ਰਕਾਰ ਦੇ ਹੱਠ ਤੋਂ ਪਾਕ ਹੋਕੇ ਰੱਬ ਤੋਂ ਦੁਆ ਕਰੇ । ਬੇਚੈਨ ਹੋਕੇ ਨਮਾਜ਼ਾਂ ਵਿੱਚ ਰੱਬ ਕੋਲ ਦੁਆ ਮੰਗੇ ਤਾਂ ਚਾਲ੍ਹੀ ਦਿਨ ਨਹੀਂ ਲੰਘਣਗੇ ਕਿ ਰੱਬ ਉਸ'ਤੇ ਸਚੱਾਈ ਖੋਲ ਦੇਵੇਗਾ । ਪਰ ਦਿਲ ਦਾ ਸ਼ਾਫ਼ ਹੋਣਾ, ਹਰ ਪ੍ਰਕਾਰ ਦੇ ਪਖੱਪਾਤ ਤੋਂ ਪਾਕ ਹੋਣਾ ਅਤਿਅੰਤ ਜ਼ਰੂਰੀ ਹੈ । ਵਰਨਾ ਆਪ ਨੇ ਇਹ ਵੀ ਫ਼ਰਮਾਇਆ ਕਿ ਜੋ ਲੋਕ ਮਨ ਵਿੱਚ ਕੀਨਾ ਰਖੱਣ, ਗੁਸੱਾ ਰਖੱਣ ਜਾਂ ਨੇਕ ਤੇ ਪਾਕ ਸੋਚ ਨ ਰਖੱਣ ਉਹ ਹਮੇਸ਼ਾ ਹੀ ਇਹ ਕਹਿਣਗੇ ਕਿ ਰੱਬ ਨੇ ਸਾਨੂੰ ਸੁਪਨਿਆਂ ਵਿੱਚ ਮਾਰਗ ਦਰਸ਼ਨ ਨਹੀਂ ਕੀਤਾ ਜਾਂ ਆਪ ਦੇ ਵਿਰੁਧ ਦੱਸਿਆ । ਬਹਿਰਹਾਲ ਜੋ ਪਾਕ ਦਿਲ ਹੋਕੇ ਅਜਿਹਾ ਕਰਦੇ ਹਨ ਉਹਨਾਂ ਲੋਕਾਂ ਨੂੰ ਰੱਬ ਵੱਲੋਂ ਮਾਰਗਦਰਸ਼ਨ ਹੁੰਦਾ ਹੈ । ਬਹੁਤ ਲੋਕਾਂ ਨੂੰ ਰਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਵਿੱਚ ਵੀ ਆਪਦੇ ਜੀਵਨ ਕਾਲ ਵਿੱਚ ਵੀ ਸੁਪਨਿਆਂ ਰਾਹੀਂ ਮਾਰਗ ਦਰਸ਼ਨ ਕੀਤਾ । ਇਊਂ ਇਕ ਸੰਗਤ ਵਿੱਚ ਚਰਚਾ ਹੋਈ ਕਿ ਲਾਹੌਰ ਤੋਂ ਇਕ ਵਿਅਕਤੀ ਦਾ ਪਤੱਰ ਆਇਆ ਹੈ ਕਿ ਉਸ ਨੂੰ ਸੁਪਨੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬਾਰੇ ਦੱਸਿਆ ਗਿਆ ਹੈ ਕਿ ਆਪ ਸੱਚੇ ਹਨ । ਉਸ ਵਿਅਕਤੀ ਦੀ ਸ਼ਰਧਾ ਇਕ ਫ਼ਕੀਰ ਨਾਲ ਸੀ ਜੋ ਕਿ ਦਾਤਾਗੰਜ ਬਖ਼ਸ਼ ਦੇ ਮਕਬਰੇ ਨੇੜੇ ਰਹਿੰਦਾ ਸੀ । ਉਸ ਵਿਅਕਤੀ ਨੇ ਉਸ ਫ਼ਕੀਰ ਨਾਲ ਚਰਚਾ ਕੀਤੀ ਤਾਂ ਉਸ ਨੇ ਕਿਹਾ ਕਿ ਮਿਰਜ਼ਾ ਸਾਹਬ ਦੀ ਐਨ੍ਹੇ ਸਮੇਂ ਵਿੱਚ ਤਰੱਕੀ

ਹੋਣੀ ਇਕ ਸਚੱਾਈ ਦੀ ਦਲੀਲ ਹੈ । ਫਿਰ ਇਕ ਹੋਰ ਹੋਰ ਮਸਤ ਫ਼ਕੀਰ ਓਥੇ ਬੈਠਾ ਹੋਇਆ ਸੀ, ਉਸ ਨੇ ਕਿਹਾ, ਬਾਬਾ ! ਸਾਨੂੰ ਵੀ ਪੁੱਛ ਲੈਂਣ ਦਿਓ । ਦੂਜੇ ਦਿਨ ਉਸ ਦੇ ਦੱਸਿਆ ਕਿ ਰੱਬ ਨੇ ਕਿਹਾ ਹੈ ਕਿ ਮਿਰਜ਼ਾ ਮੌਲਾ ਹੈ ਤਾਂ ਇਸ'ਤੇ ਪਹਿਲੇ ਫ਼ਕੀਰ ਨੇ ਕਿਹਾ ਕਿ ਮੌਲਾ ਨਹੀਂ, ਮੌਲਾਨਾ ਕਿਹਾ ਹੋਵੇਗਾ ਕਿ ਉਹ ਤੇਰਾ ਅਤੇ ਮੇਰਾ ਅਸੀਂ ਸਾਰਿਆਂ ਦਾ ਮੌਲਾ ਹੈ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਨੇ ਇਹ ਸੁਣਕੇ ਫ਼ਰਮਾਇਆ ਕਿ ਅੱਜ ਕੱਲ ਸੁਪਨੇ ਤੇ ਰੋਯਾ ਬਹੁਤ ਹੁੰਦੇ ਹਨ । ਮਲੂਮ ਹੁੰਦਾ ਹੈ ਕਿ ਰੱਬ ਚਾਹੁੰਦਾ ਹੈ ਕਿ ਲੋਕਾਂ ਨੂੰ ਸੁਪਨਿਆਂ ਰਾਹੀਂ ਸੂਚਨਾ ਦੇਵੇ । ਰੱਬ ਦੇ ਫ਼ਰਿਸ਼ਤੇ ਹਰ ਥਾਂ ਫਿਰਦੇ ਹਨ । ਉਹ ਦਿਲਾਂ ਵਿੱਚ ਪਾਉਂਦੇ ਹਨ ਕਿ ਮੰਨ੍ਹ ਲਓ ! ਮੰਨ੍ਹ ਲਓ ! ਫਿਰ ਇਕ ਵਿਅਕਤੀ ਦਾ ਹਾਲ ਵਰਨਣ ਕੀਤਾ ਜਿਸ ਨੇ ਹਜ਼ੂਰ ਦੇ ਰੱਦ (ਖੰਡਨ) ਵਿੱਚ ਕਿਤਾਬ ਲਿਖੱਣ ਦਾ ਇਰਾਦਾ ਕੀਤਾ ਤਾਂ ਸੁਪਨੇ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਸ ਨੂੰ ਫ਼ਰਮਾਇਆ ਕਿ ਤੂੰ ਰੱਦ ਲਿਖੱਦਾ ਹੈਂ ਅਤੇ ਅਸਲ ਵਿੱਚ ਮਿਰਜ਼ਾ ਸਾਹਬ ਸੱਚੇ ਹਨ । ਇਉਂ ਰੱਬ ਨੇਕ ਸੁਭਾਵੀ ਲੋਕਾਂ ਨੂੰ ਗ਼ਲਤ ਕੰਮ ਤੋਂ ਬਚਾਉਣ ਲਈ ਵੀ ਮਾਰਗਦਰਸ਼ਨ ਕਰਦਾ ਹੈ । ਇਹ ਕੰਮ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜ਼ਮਾਨੇ ਵਿੱਚ ਸ਼ੁਰੂ ਹੋਇਆ ਸੀ ਅੱਜ ਵੀ ਉਸੇ ਪ੍ਰਕਾਰ ਕੰਮ ਕਰ ਰਿਹਾ ਹੈ । ਨੇਕ ਫ਼ਿਤਰਤ ਲੋਕਾਂ ਦਾ ਰੱਬ ਅੱਜ ਵੀ ਮਾਰਗਦਰਸ਼ਨ ਕਰਦਾ ਹੈ ।

ਮਾਲੀ, ਪਛੱਮੀ ਅਫ਼ਰੀਕਾ ਦੇ ਮੁਬਲੱਗ਼ ਲਿਖੱਦੇ ਹਨ ਕਿ ਮੁਸਤਫ਼ਾ ਦਿਆਲੂ ਸਾਹਬ ਨੇ ਇਕ ਦਿਨ ਸੁਪਨੇ ਵਿੱਚ ਦੇਖਿਆ ਕਿ ਉਹ ਸਵਰਗ ਵਿੱਚ ਇਕ ਬਹੁਤ ਹੀ ਸੁੰਦਰ ਘਰ ਵਿੱਚ ਹਨ । ਘਰ ਦੇ ਇਕ ਪਾਸੇ ਪਾਣੀ ਵੱਗ ਰਿਹਾ ਹੈ ਜਿਸ ਵਿੱਚ ਇਕ ਸੁਫ਼ੈਦ ਰੰਗ ਦੇ ਬਜ਼ੁਰਗ ਦੀ ਤਸਵੀਰ ਲੱਗੀ ਹੋਈ ਹੈ ਜਿੰਨ੍ਹਾ ਨੇ ਪਗੜੀ ਬੰਨ੍ਹੀ ਹੋਈ ਹੈ, ਉਹ ਕਹਿੰਦੇ ਹਨ ਕਿ ਕੁਝ ਸਮੇਂ ਬਾਦ ਉਹ ਆਪਣੇ ਇਕ ਮਿਤੱਰ ਵੱਲ ਗਏ ਤਾਂ ਉਹਨਾਂ ਦੇ ਘਰ ਵਿੱਚ ਉਸੇ ਬਜ਼ੁਰਗ ਦੀ ਤਸਵੀਰ ਦੇਖੀ । ਉਹਨਾਂ ਦੇ ਆਪਣੇ ਮਿਤੱਰ ਤੋਂ ਉਸ ਬਜ਼ੁਰਗ ਬਾਰੇ ਪੁੱਛਿਆ ਤਾਂ ਇਸ'ਤੇ ਉਹਨਾਂ ਨੇ ਦੱਸਿਆ ਕਿ ਇਹ ਇਮਾਮ ਮਹਦੀ ਹਨ । ਇਸ'ਤੇ ਉਹਨਾਂ ਨੇ ਆਪਣਾ ਸੁਪਨਾ ਸੁਣਾਇਆ ਅਤੇ ਅਹਮਦੀਅਤ ਬਾਰੇ ਹੋਰ ਵਧੇਰੇ ਜਾਣਕਾਰੀ ਮੰਗੀ । ਇਸ'ਤੇ ਅਹਮਦੀ ਮਿਤੱਰ ਨੇ ਕਿਹਾ ਅੱਜ ਸਾਡਾ ਮਾਸਕ ਇਜਲਾਸ (ਸੰਗਤ) ਹੈ ਆਪ ਮੇਰੇ ਨਾਲ ਚਲੱਣ ਓਥੇ ਮੌਲਵੀ ਸਾਹਬ ਨਾਲ ਆਪ ਹਰ ਪ੍ਰਕਾਰ ਦੇ ਪ੍ਰਸ਼ਦ ਉਤੱਰ ਕਰ ਸਕਦੇ ਹਨ । ਇਉਂ ਉਹ ਇਜਲਾਸ ਵਿੱਚ ਸ਼ਾਮਲ ਹੋਏ ਅਤੇ ਸਭਾ ਦੇ ਬਾਦ ਅਹਮਦੀ ਹੋਣ ਦਾ ਐਲਾਨ ਕੀਤਾ ।

ਇਸੇ ਪ੍ਰਕਾਰ ਯਮਨ ਦੀ ਇਕ ਇਸਤਰੀ ਜਮੀਲਾ ਸਾਹਿਬਾ ਵਰਨਣ ਕਰਦੀ ਹਨ ਕਿ ਕਿ ਜਮਾਤ ਅਹਮਦੀਆ ਨਾਲ ਜਾਣਪਛਾਣ ਤਾਂ ਬਹੁਤ ਪਹਿਲਾਂ ਤੋਂ ਜੱਦ ਮੈਂ ਸਊਦੀ ਅਰਬ ਵਿੱਚ ਸੀ ਜਿੱਥੇ ਮੇਰਾ ਧਿਆਨ ਸੂਫ਼ੀਇਜ਼ਮ ਵੱਲ ਹੋ ਗਿਆ ਅਤੇ ਹਜ਼ਰਤ ਅਬਦੁਲ ਕਾਦਰ ਜਿਲਾਨੀ ਦੀਆਂ ਰਚਨਾਵਾਂ ਮੈਂਨੂੰ ਬਹੁਤ ਪਸੰਦ ਆਈਆਂ । ਉਹਨਾਂ ਦੇ ਵਰਨਣ ਕੀਤੇ ਏਕਾਂਤ ਦੇ ਤਰੀਕਿਆਂ ਉਪੱਰ ਅਮਲ ਕਰਕੇ ਮੈਂਨੂੰ ਸ਼ਾਂਤੀ ਮਿਲਦੀ ਅਤੇ ਆਤਮਕਤਾ ਦਾ ਅਨੁਭਵ ਹੁੰਦਾ । ਇਹਨਾਂ ਏਕਾਂਤ ਦੇ ਦਿਨਾਂ ਵਿੱਚ ਇਕ ਰਾਤ ਮੈਂ ਸੁਪਨੇ ਵਿੱਚ ਦੇਖਿਆ ਕਿ ਇਹ ਚੰਨ੍ਹ ਵਰਗਾ ਤਾਰਾ ਧਾਰਤੀ ਉਪੱਰ ਉਤਰਿਆ ਹੈ ਅਤੇ ਧਰਤੀ ਉਪੱਰ ਚਲ ਫਿਰ ਰਿਹਾ ਹੈ ਅਤੇ ਫਿਰ ਛੱਤ ਦੇ ਮਾਰਗ ਰਾਹੀਂ ਉਹ ਸਾਡੇ ਘਰ ਵਿੱਚ ਵੀ ਦਾਖ਼ਲ ਹੋ ਜਾਂਦਾ ਹੈ । ਮੈਂ ਖ਼ੌਫ਼ ਨਾਲ ਭਰੀ ਤੇ ਹੈਰਾਨ ਸੀ ਕਿ ਮੇਰੀ ਅੱਖ ਖੁਲ੍ਹ ਗਈ । ਕੁਝ ਦਿਨਾ ਬਾਦ ਹੀ ਮੈਂ ਇਕ ਹੋਰ ਸੁਪਨੇ ਵਿੱਚ ਪੰਜ ਹੋਰ ਤਾਰੇ ਦੇਖੇ ਜੋ ਕਤਾਰ ਬਣਾਈ ਧਰਤੀ ਉਪੱਰ ਚੱਲ ਰਹੇ ਸਨ, ਪਰ ਉਹ ਪਹਿਲਾਂ ਦੇਖੇ ਗਏ ਤਾਰੇ ਦੀ ਤੁਲਨਾ ਵਿੱਚ ਅਕ੍ਰਿਤੀ ਵਿੱਚ ਛੋਟੇ ਸਨ । ਫਿਰ ਜੱਦ ਐਮ.ਟੀ.ਏ. ਰਾਹੀਂ ਜਮਾਤ ਬਾਰੇ ਪਤਾ ਲੱਗਿਆ ਤਾਂ ਇਸ ਬਾਰੇ ਜਾਨਣ ਦੀ ਇਛੱਾ ਦੀ ਤ੍ਰੇਹ ਵਧੱਦੀ ਗਈ । ਐਮ.ਟੀ.ਏ. ਦੇਖਦਿਆਂ ਹੋਇਆ ਮੇਰੇ ਦਿਲ ਵਿੱਚ ਹਜ਼ਰਤ ਇਮਾਮ ਮਹਦੀ ਅਲੈਹਿ ਸਲਾਮ ਦਾ

ਪ੍ਰੇਮ ਪੈਦਾ ਹੋਕੇ ਵਧੱਣ ਲਗਾੱ ਅਤੇ ਮੈਨੂੰ ਇਸ ਗੱਲ ਦਾ ਪੂਰਾ ਵਿਸ਼ਵਾਸ ਹੋ ਗਿਆ ਕਿ ਆਪ ਹੀ ਇਮਾਮੁਜ਼ੱਮਾਂ (ਸਮੇਂ ਦੇ ਇਮਾਮ) ਹਨ । ਇਹਨੀ ਦਿਨੀ ਮੈਂ ਲਅਰਬੀਯਹ ਪ੍ਰੋਗਰਾਮ 'ਅਲਹਵਾਰੁਲ ਮੁਬਾਸ਼ਿਰ' ਵਿੱਚ ਸੁਣਿਆ ਕਿ ਹਜ਼ਰਤ ਇਮਾਮ ਮਹਦੀ ਦੀ ਸਚੱਾਈ ਬਾਰੇ ਖੋਜ ਕਰਨ ਵਾਲਿਆਂ ਨੂੰ ਇਸਤਿਖ਼ਾਰੇ ਰਾਹੀਂ ਰੱਬ ਕੋਲੋਂ ਰਹਿਨੁਮਾਈ ਦੀ ਦੁਆ ਕਰਨੀ ਚਾਹੀਦੀ ਹੈ । ਸੋ, ਕਹਿੰਦੀ ਹਨ ਕਿ ਦੱਸੇ ਹੋਏ ਤਰੀਕੇ ਅਨੁਸਾਰ ਮੈਂ ਦੋ ਰਕਅਤਾਂ ਨਮਾਜ਼ ਪੜ੍ਹਕੇ ਸੌਂ ਗਈ । ਉਸੇ ਰਾਤ ਮੈਂ ਸੁਪਨੇ ਵਿੱਚ ਦੇਖਿਆ ਕਿ ਮੈਂ ਪਵਿਤੱਰ ਮੱਕੇ ਵਿੱਚ ਲੋਕਾਂ ਦੀ ਭੀੜ ਵਿੱਚ ਹਾਂ, ਲੋਕ ਆਪਣੇ ਪੈਰ੍ਹਾਂ ਦੇ ਪੰਜਿਆਂ ਭਾਰ ਖੜੇ ਹੋਕੇ ਲੰਮੀਆਂ ਗਰਦਨਾ ਕਰਕੇ ਇਕ ਵਿਅਕਤੀ ਨੂੰ ਦੇਖਣ ਦਾ ਜਤਨ ਕਰ ਰਹੇ ਹਨ । ਅਜਿਹੇ ਸਮੇਂ ਕੋਈ ਉਚੀ ਅਵਾਜ਼ ਨਾਲ ਕਹਿੰਦਾ ਹੈ ਕਿ ਹੇ, ਲੋਕੋ ! ਤੁਹਾਡਾ ਇਮਾਮ ਆ ਗਿਆ ਹੈ, ਹੇ ਲੋਕੋ ! ਤੁਹਾਡਾ ਇਮਾਮ ਆ ਗਿਆ ਹੈ । ਮੈਂ ਵੀ ਉਸ ਵੱਲ ਦੇਖਣਾ ਸ਼ੁਰੂ ਕਰ ਦਿੰਦੀ ਹਾਂ । ਹਜ਼ਰਤ ਇਮਾਮ ਮਹਦੀ ਅਲੈਹਿ ਸਲਾਮ ਇਕ ਉੱਚੇ ਥਾਂ'ਤੇ ਸਾਰਿਆਂ ਦੇ ਸਾਹਮਣੇ ਪ੍ਰਕਟ ਹੋ ਜਾਂਦੇ ਹਨ । ਉਹਨਾਂ ਦਾ ਚਿਹਰਾ ਚੌਦਵੀਂ ਦੇ ਚੰਨ੍ਹ ਵਾਂਗ ਚਮਕ ਰਿਹਾ ਸੀ ਅਖੱਾਂ ਵਿੱਚ ਵਿਨਮ੍ਰਤਾ ਦੀ ਅਵਸਥਾ ਸੀ, ਜੱਦ ਮੈਂ ਗ਼ੌਰ ਨਾਲ ਉਹਨਾਂ ਦੇ ਚਿਹਰੇ ਵੱਲ ਦੇਖਿਆ ਤਾਂ ਉਹ ਹੂਬਹੂ ਉਹੋ ਇਮਾਮ ਮਹਦੀ ਤੇ ਮਸੀਹ ਮੌਊਦ ਦਾ ਚਿਹਰਾ ਸੀ ਜਿਸ ਨੂੰ ਮੈਂ ਐਮ.ਟੀ.ਏ. ਉਪੱਰ ਦੇਖਿਆ ਸੀ । ਇਹ ਦੇਖਦਿਆਂ ਹੀ ਮੇਰੀਆਂ ਅਖੱਾਂ ਵਿੱਚ ਹੰਝੂ ਝਲਕ ਗਏ ਅਤੇ ਮੈਂ ਇਸ ਦੀ ਅਪਾਰਤਾ ਵਿੱਚ ਰੋਣਾ ਸ਼ੁਰੂ ਕਰ ਦਿੰਦੀ ਹਾਂ । ਜੱਦ ਮੈਂ ਇਹ ਸੁਪਨਾ ਦੇਖ ਰਹੀ ਸੀ, ਉਸ ਸਮੇਂ ਮੇਰੇ ਪਤੀ ਜਾਗ ਰਹੇ ਸਨ । ਉਸ ਨੇ ਮੈਨੂੰ ਜਗਾਕੇ ਕਿਹਾ ਤੁਸੀਂ ਬਹੁਦ ਦਰਦ ਨਾਲ ਰੋ ਰਹੀ ਸੀ, ਜੱਦ ਮੈਂ ਜਾਗੀ ਤਾਂ ਮੇਰੀਆਂ ਅਖੱਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ । ਕਹਿੰਦੀ ਹਨ ਕਿ ਇਸ ਸੁਪਨੇ ਦੇ ਬਾਦ ਮੈਨੂੰ ਵਿਸ਼ਵਾਸ ਹੋ ਗਿਆ ਕਿ ਸਚੱਾਈ ਇਹੋ ਹੈ ਕਿ ਇਹ ਵਿਅਕਤੀ ਇਮਾਮੁਜ਼ਮਾਂ (ਸਮੇਂ ਦਾ ਇਮਾਮ) ਹੈ । ਸੋ, ਇਉਂ ਮੈਂ ਇਸ ਇਮਾਮ ਦੀ ਬਐਤ ਕਰਨ ਦਾ ਫ਼ੈਸਲਾ ਕੀਤਾ । ਯਮਨ ਦੀ ਹਨ, ਸਾਰੇ ਜਾਣਦੇ ਹਨ ਕਿ ਯਮਨ ਦੇ ਅੱਜ ਕਲ ਹਾਲਾਤ ਬਹੁਤ ਖ਼ਰਾਬ ਹਨ ਅਤੇ ਸਾਗਰੀ ਤੇ ਹਵਾਈ ਸਾਰੇ ਮਾਰਗ ਗਵਾਂਢੀ ਦੇਸ਼ ਸਊਦੀ ਅਰਬ ਨੇ ਬੰਦ ਕਰ ਦਿੱਤੇ ਹਨ । ਹਰ ਪ੍ਰਕਾਰ ਦੀ ਮਦਦ ਓਥੇ ਪਹੁੰਚਣ ਵਿੱਚ ਰੋਕ ਪਾਈ ਜਾ ਰਹੀ ਹੈ । ਨਿਰਦੋਸ਼ੇ ਤੇ ਮਾਸੂਮ ਬੱਚੇ ਇਸਤਰੀਆਂ ਤੇ ਬੁੱਢੇ ਖ਼ੁਰਾਕ ਨ ਹੋਣ ਕਰਕੇ ਅਤੇ ਇਲਾਜ ਦੀਆਂ ਸਹੂਲਤਾਂ ਨ ਹੋਣ ਕਰਕੇ ਮਰ ਰਹੇ ਹਨ । ਮੁਸਲਮਾਮਨ ਮੁਸਲਮਾਨ ਨੂੰ ਮਾਰ ਰਿਹਾ ਹੈ ਅਤੇ ਇਹੋ ਕਾਰਣ ਹੈ ਕਿ ਆਉਣ ਵਾਲੇ ਇਮਾਮ ਨੂੰ ਨਹੀਂ ਮੰਨ੍ਹਦੇ । ਇਹਨਾਂ ਲਈ ਵੀ ਦੁਆ ਕਰੋ ਕਿ ਰੱਬ ਇਹਨਾ ਦੇ ਹਾਲਾਤ ਵੀ ਪਰਤਾਏ ਅਤੇ ਆਜ਼ਾਦੀ ਤੇ ਸੁੱਖ ਦਾ ਸਾਹ ਲੈਂਣ ਵਾਲੇ ਹੋਣ । ਰੱਬ ਇਹਨਾ'ਤੇ ਰਹਿਮ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕਈ ਨੇਕ ਸੁਭਾਵੀ ਲੋਕ ਅਹਮਦੀਅਤ ਨੂੰ ਸਚੱਾ ਸਮਝਣ ਦੇ ਬਾਦ ਵੀ ਕੁਝ ਕਾਰਣਾ ਕਰਕੇ ਬੈਅਤ ਨਹੀਂ ਕਰਦੇ । ਰੱਬ ਕਿਸ ਪ੍ਰਕਾਰ ਉਹਨਾਂ ਨੂੰ ਬੈਅਤ ਕਰਕੇ ਬਕਾਇਦਾ ਜਮਾਤ ਵਿੱਚ ਸ਼ਾਮਲ ਹੋਣ ਵੱਲ ਧਿਆਨ ਦੁਆਉਂਦਾ ਹੈ ਇਸ ਬਾਰੇ ਮਾਲੀ ਵਿੱਚੋਂ ਹੀ ਕਾਈ ਰੀਜਨ ਦੇ ਮੁਅਲੱਮ ਸਾਹਬ ਲਿਖੱਦੇ ਹਨ ਕਿ ਇਕ ਮਿਤੱਰ ਅਬਦੁਲ ਹਈ ਜਾਬੀ ਸਾਹਬ ਦੇ ਇਕ ਨੇੜਲੇ ਮਿਤੱਰ ਦੀ ਰਮਜ਼ਾਨ ਦੇ ਮਹੀਨਿ ਦੇ ਅਖੀਰਲੇ ਦਿਨਾਂ ਵਿੱਚ ਅਚਨਚੇਤ ਮੌਤ ਹੋ ਗਈ । ਉਹਨਾਂ ਨੇ ਇਕ ਦਿਨ ਸੁਪਨੇ ਵਿੱਚ ਦੇਖਿਆ ਕਿ ਉਹ ਆਪਣੇ ਇਸੇ ਮਰ ਚੁਕੇ ਮਿਤੱਰ ਨਾਲ ਬਸ ਵਿੱਚ ਜਾਤਰਾ ਕਰ ਰਹੇ ਹਨ ਅਤੇ ਉਹਨਾਂ ਦਾ ਮਿਤੱਰ ਉਹਨਾਂ ਨੂੰ ਕਹਿੰਦਾ ਹੈ ਕਿ ਤੁਸੀਂ ਜਿਸ ਜਮਾਤ ਵਿੱਚ ਦਾਖ਼ਲ ਹੋ ਰਹੇ ਹੋ ਉਹ ਸੱਚੀ ਜਮਾਤ ਹੈ, ਮੈਂ ਵੀ ਇਸੇ ਜਮਾਤ ਵਿੱਚ ਦਾਖ਼ਲ ਹੋ ਰਿਹਾ ਹਾਂ । ਅਬਦੁਲ ਹਈ ਸਾਹਬ ਬਕਾਇਦਗੀ ਨਾਲ ਸਾਡਾ ਰੇਡੀਓ ਸੁਣਿਆ ਕਰਦੇ ਸਨ ਅਤੇ ਦਿਲ ਤੋਂ ਅਹਮਦੀ ਸਨ ਪਰ ਅਜੇ ਬੈਅਤ ਨਹੀਂ ਕੀਤੀ ਸੀ, ਪਰ ਇਸ ਸੁਪਨੇ ਦੇ ਬਾਦ ਉਹਨਾਂ ਨੇ ਫ਼ੋਨ ਕਰਕੇ ਕਿਹਾ ਕਿ ਮੈਂ ਕਾਈ ਸ਼ਹਿਰ ਤੋਂ ਵਾਹਵਾ ਦੂਰ ਰਹਿੰਦਾ ਹਾਂ ਆਪ ਦਾ ਰੇਡੀਓ

ਸੁਣਦਾ ਹਾਂ, ਪ੍ਰਚਾਰ ਸੁਣਦਾ ਹਾਂ । ਮੈਂ ਇਸ ਪ੍ਰਕਾਰ ਸੁਪਨਾ ਦੇਖਿਆ ਹੈ, ਮੇਰੀ ਬੈਅਤ ਕੁਬੂਲ ਕਰ ਲੈਂਣ ਅਤੇ ਅੱਜ ਤੋਂ ਮੈਂ ਅਹਮਦੀ ਹਾਂ ।

ਫਿਰ ਮਿਸਰ ਦੇ ਇਕ ਮਿਤੱਰ ਮਹਮੂਦ ਗ਼ਰੀਬ ਸਾਹਬ ਹਨ ਕਹਿੰਦੇ ਹਨ ਕਿ ਨੌ ਸਾਲ ਦੀ ਉਮਰ ਤੋਂ ਮੈਂ ਸੁਪਨੇ ਵਿੱਚ ਇਕ ਰੁਹਬਦਾਰ ਆਵਾਜ਼ ਸੁਣਦਾ ਸੀ ਜਿਸਦੀ ਪੁੱਛਗਿੱਛ ਮੇਰੇ ਕੰਨ੍ਹਾ ਵਿੱਚ ਗੂੰਜਦੀ ਰਹਿੰਦੀ ਸੀ । ਮੈਂ ਉਸ ਨੂੰ ਸਮਝ ਨਹੀਂ ਸਕਦਾ ਸੀ ਪਰ ਉਸ ਨੂੰ ਸੁਣਕੇ ਮੈਂ ਡਰ ਜਾਂਦਾ ਸੀ । ਫਿਰ ਜੱਦ 2010 ਈ. ਵਿੱਚ ਮੇਰਾ ਐਮ.ਟੀ.ਏ. ਅਲਅਰਬੀਯਹ ਨਾਲ ਰਾਬਤਾ ਹੋਇਆ ਤਾਂ ਉਸ'ਤੇ ਸ਼ਰੀਫ਼ ਓਦੇ ਸਾਹਬ ਅਤੇ ਅਸਦ ਮੂਸਾ ਓਦੇ ਸਾਹਬ ਦੀ ਅਵਾਜ਼ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝ ਕਥਨ ਸੁਣੇ ਤਾਂ ਝੱਟ ਸਮਝ ਗਿਆ ਕਿ ਇਹ ਉਹੋ ਅਵਾਜ਼ ਸੀ ਜੋ ਮੈਂ ਨੌ ਸਾਲ ਦੀ ਉਮਰ ਤੋਂ ਆਪਨੇ ਸੁਪਨਿਆਂ ਵਿੱਚ ਸੁਣ ਰਿਹਾ ਸੀ । ਸੋ, ਇਸ ਤੋਂ ਬਾਦ ਐਮ.ਟੀ.ਏ. ਹੋਰ ਧਿਆਨ ਨਾਲ ਦੇਖਣਾ ਸ਼ੁਰੂ ਕਰ ਦਿਤੱਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਕਲਾਮ ਅਤੇ ਆਪ ਜੀ ਦੇ ਕਸੀਦੇ ਮੇਰੇ ਮਨ ਉਪੱਰ ਡੂੰਘਾ ਪ੍ਰਭਾਵ ਛੱਡ ਜਾਂਦੇ । ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਚਿਹਰੇ ਦੀ ਕਲਪਨਾ ਕਰਦਾ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਸਵੀਰ ਮੇਰੇ ਸਾਹਮਣੇ ਆ ਜਾਂਦੀ । ਇਕ ਦਿਨ ਮੈਂ ਐਮ.ਟੀ.ਏ. ਦੇਖ ਰਿਹਾ ਸੀ ਅਤੇ ਨਾਲ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਸਵੀਰ ਆ ਰਹੀ ਸੀ, ਮੈਂ ਉਸ ਨੂੰ ਸੰਬੋਧਨ ਕਰਕੇ ਕਿਹਾ ਕਿ ਮੈਂ ਤੈਂਨੂੰ ਰੱਬ ਦੀ ਸਹੁੰ ਦੇਕੇ ਕਹਿੰਦਾ ਹਾਂ ਕਿ ਮੈਂਨੂੰ ਆਪ ਦੱਸੋ ਕਿ ਕੀ ਤੁਸੀਂ ਆਪਨੇ ਦਾਵੇ ਵਿੱਚ ਸੱਚੇ ਹੋ ਜਾਂ ਨਹੀਂ ? ਕਹਿੰਦੇ ਹਨ ਕਿ ਇਸ ਦੇ ਬਾਦ ਮੈਂ ਕੰਮ'ਤੇ ਚਲਾ ਗਿਆ । ਸ਼ਾਮ ਨੂੰ ਜੱਦ ਵਾਪਸ ਆਇਆ ਅਤੇ ਝੱਟ ਟੀਵੀ ਆਨ ਕਰਕੇ ਐਮ.ਟੀ.ਏ. ਲਾਇਆ ਤਾਂ ਉਸ'ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਹ ਕਥਨ ਪੜ੍ਹਿਆ ਜਾ ਰਿਹਾ ਸੀ ਕਿ (يَا قَوْمِ اِنِّیْ مِنَ اللهِ اِنِّیْ مِنَ اللهِ اِنِّیْ مِنَ اللهِ وَاُشْهِدُ رَبِّیْ اَنِّیْ مِنَ اللهِ) 'ਯਾ ਕੌਮਿ ਇੰਨੀ ਮਿਨਲੱਾਹਿ ਇੰਨੀ ਮਿਨਲੱਾਹਿ ਇੰਨੀ ਮਿਨਲੱਾਹਿ ਵ ਉਸ਼ਹਿਦੁ ਰੱਬੀ ਇੰਨੀ ਮਿਨਲੱਾਹਿ । ਹੇ, ਮੇਰੀ ਕੌਮ ! ਮੈਂ ਰੱਬ ਵੱਲੋਂ ਹਾਂ, ਮੈਂ ਰੱਬ ਵੱਲੋਂ ਹਾਂ, ਮੈਂ ਰੱਬ ਵੱਲੋਂ ਹਾਂ ਅਤੇ ਮੈਂ ਆਪਨੇ ਰੱਬ ਨੂੰ ਗਵਾਹ ਠਹਿਰਾਕੇ ਕਹਿੰਦਾ ਹਾਂ ਕਿ ਮੈਂ ਰੱਬ ਵੱਲੋਂ ਹਾਂ । ਇਹ ਸੁਣਦਿਆਂ ਹੀ ਕਹਿੰਦੇ ਹਨਾ ਕਿ ਮੈਂ ਆਪਨੇ ਗੋਡਿਆਂ ਭਾਰ ਡਿੱਗ ਗਿਆ ਅਤੇ ਬੇਅਖ਼ਤਿਆਰੀ ਵਿੱਚ ਹੀ ਟੀਵੀ ਉਪੱਰ ਹੀ ਹਜ਼ੂਰ ਅਲੈਹਿ ਸਲਾਮ ਦੀ ਤਸਵੀਰ ਨੂੰ ਚੁੰਮਦਿਆਂ ਹੋਇਆ ਅਲੈਕਸ ਸਲਾਮ ਅਲੈਕਸ ਸਲਾਮ ਕਹਿਣਾ ਸ਼ੁਰੂ ਕਰ ਦਿਤੱਾ । ਇਉ ਇਕ ਪਲ ਵਿੱਚ ਅਮਹਦੀਅਤ ਹੀ ਸਭ ਕੁਝ ਮੇਰਾ ਹੋ ਗਿਆ ਅਤੇ ਫਿਰ ਮੈਂ ਬੈਅਤ ਕਰ ਲਈ ।

ਉਰਦਨ ਦੇ ਇਕ ਮਿਤੱਰ ਜਮੀਲ ਜ਼ਾਰਾਨ ਸਾਹਬ ਕਹਿੰਦੇ ਹਨ ਕਿ ਇਕ ਰਾਤ ਮੈਂ ਸੁਪਨਾ ਦੇਖਿਆ ਕਿ ਮੈਂ ਇਕ ਮਾਰਗ'ਤੇ ਇਕਲੱਾ ਖੜ੍ਹਾ ਹਾਂ ਜੋ ਸਿਧੱਾ ਤੇ ਪਕੱਾ ਹੈ । ਐਨ੍ਹੇ ਵਿੱਚ ਇਕ ਮਾਡਰਨ ਮਰਸਿਡੀਜ਼ ਕਾਰ ਆਉਂਦੀ ਹੈ ਅਤੇ ਉਸ ਵਿੱਚ ਡਰਾਈਵਰ ਦੀ ਨਾਲ ਵਾਲੀ ਸੀਟ ਉਪੱਰ ਇਕ ਵਿਅਕਤੀ ਬੈਠਾ ਹੈ ਜੋ ਮੈਂਨੂੰ ਕਾਰ ਚਲਾਉਣ ਦਾ ਹੁਕੁਮ ਦਿੰਦਾ ਹੈ । ਮੈਂ ਡਰਾਈਵਰ ਸੀਟ'ਤੇ ਬੈਠ ਗਿਆ, ਮੇਰੇ ਦਿਲ ਵਿੱਚ ਪਾਇਆ ਗਿਆ ਕਿ ਮੈਂ ਹਜ਼ਰਤ ਇਮਾਮ ਅਲੈਹਿ ਸਲਾਮ ਦੇ ਨਾਲ ਬੈਠਾ ਹਾਂ । ਮੈਂਨੂੰ ਖ਼ੌਫ਼ ਜਿਹਾ ਆਉਣ ਲਗੱਾ । ਗੱਡੀ ਚੱਲੀ ਤਾਂ ਮਾਰਗ ਵਿੱਚ ਅਚਨਚੇਤ ਬਹੁਤ ਸਾਰੇ ਕਾਲੇ ਚਿਹਰੇ ਵਾਲੇ ਲੋਕ ਦਿਖਾਈ ਦਿੱਤੇ ਅਤੇ ਮਾਰਗ ਦੇ ਦੋਹਾਂ ਪਾਸੇ ਲਾਈਨ ਬਣਾਕੇ ਖੜੇ ਹੋ ਗਏ ਅਤੇ ਉਹਨਾ ਕੋਲ ਸਾਧਾਰਣ ਜਿਹਾ ਅਸਲਾ ਵੀ ਸੀ । ਫਿਰ ਉਹਨਾਂ ਨੇ ਸਾਡੇ ਉਪੱਰ ਫ਼ਾਇਰਿੰਗ ਕਰ ਦਿੱਤੀ, ਪਰ ਸਾਨੂੰ ਕੋਈ ਗੋਲੀ ਨਹੀਂ ਲੱਗੀ ਅਤੇ ਬਿਲਕੁਲ ਸੁਰੱਖਿਅਤ ਆਪਣੀ ਮੰਜ਼ਲ ਨੂੰ ਪਹੁੰਚ ਗਏ । ਕਹਿੰਦੇ ਹਨ ਕਿ ਸੁਪਨੇ ਵਿੱਚ ਹੀ ਗੱਡੀ ਖੜੀ ਕਰਦਾ ਹਾਂ ਤਾਂ ਹਜ਼ਰਤ ਇਮਾਮ ਮਹਦੀ ਅਲੈਹਿ ਸਲਾਮ ਮੈਂਨੂੰ ਫ਼ਰਮਾਉਂਦੇ ਹਨ ਕਿ ਹੇਠਾਂ ਉਤਰ ਆਓ ਅਤੇ ਗੱਡੀ ਦੀ ਡਿੱਕੀ ਖੋਲੋ । ਮੈਂ

ਹੇਠਾਂ ਉਤਰਕੇ ਖੋਲਦਾ ਹਾਂ ਤਾਂ ਓਥੇ ਇਕ ਲਕੜ ਦਾ ਸੁੰਦਰ ਸੰਦੂਕ ਹੁੰਦਾ ਹੈ ਜਿਸ ਵਿੱਚ ਇਕ ਪੰਜ ਸਾਲਾ ਬਚੱਾ ਹੁੰਦਾ ਹੈ ਜੋ ਬਹੁਤ ਸੁੰਦਰ ਹੈ ਉਹ ਬਚੱਾ ਮੈਂਨੂੰ ਦੇਖਣ ਲਗੱਦਾ ਹੈ । ਜੱਦ ਮੈਂ ਜਾਗਦਾ ਹਾਂ ਤਾਂ ਸੁਪਨੇ ਤੋਂ ਮੈਂ ਬਹੁਤ ਖ਼ੁਸ਼ ਸੀ ਅਤੇ ਦਿਲ ਵਿੱਚ ਕਿਹਾ ਕਿ ਨਿਸ਼ਚੇ ਹੀ ਇਹ ਰੱਬ ਵੱਲੋਂ ਕੋਈ ਸੰਦੇਸ਼ ਹੈ । ਮੈਂ ਇਸ ਦਾ ਸੁਪਨਫ਼ਲ ਇਹ ਕੱਢਿਆ ਕਿ ਨਵੀਂ ਗੱਢੀ ਤੋਂ ਭਾਵ ਜੀਵਨ ਦੀ ਨਵੀਂ ਜਾਤਰਾ ਹੈ । ਕਾਲੇ ਚਿਹਰੇ ਵਾਲੇ ਲੋਕ ਜੋ ਸਾਡੇ ਉਪੱਰ ਫ਼ਾਇਰਿੰਗ ਕਰਦੇ ਹਨ, ਉਹਨਾਂ ਤੋਂ ਭਾਵ ਇਸ ਨਵੇਂ ਮਾਰਗ ਨਾਲ ਦੁਸ਼ਮਣੀ ਕਰਨ ਵਾਲੇ ਹਨ ਜਿੰਨ੍ਹਾ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਸੁੰਦਰ ਸੰਦੂਕ ਵਿੱਚ ਰਾਜ਼ ਸੁਰੱਖਿਅਤ ਕੀਤੇ ਜਾਂਦੇ ਹਨ ਅਤੇ ਪੰਜ ਸਾਲ ਦੇ ਬੱਚੇ ਬੱਚੇ ਤੋਂ ਭਾਵ ਕੁਝ ਖ਼ੁਸਖ਼ਬਰੀਆਂ ਹਨ ਜੋ ਪੰਜ ਸਾਲ ਦੇ ਸਮੇਂ ਵਿੱਚ ਪੂਰੀਆਂ ਹੋਣਗੀਆਂ । ਕਹਿੰਦੇ ਹਨ ਕਿ ਅਜੀਬ ਗੱਲ ਇਹ ਹੈ ਕਿ ਜਮਾਤ ਅਹਮਦੀਆ ਨਾਲ ਪਰੀਚੇ ਦੇ ਬਾਦ ਮੇਰੇ ਜੀਵਨ ਦੀ ਨਵੀਂ ਜਾਤਰਾ ਅਰੰਭ ਹੋ ਗਈ ਅਤੇ ਪੰਜਵੀ ਖ਼ਿਲਾਫ਼ਤ ਦੇ ਸਮੇਂ ਮੈਂਨੂੰ ਜਮਾਤ ਵਿੱਚ ਸ਼ਾਮਲ ਹੋਣ ਹੀ ਤੌਫ਼ੀਕ ਮਿਲੀ । ਕਹਿੰਦੇ ਹਨ ਮੈਂ ਇਕਲੱਾ ਆਪਣੇ ਪਿੰਡ ਵਿੱਚ ਅਹਮਦੀ ਸੀ ਅਤੇ ਜਿਵੇਂ ਹੀ ਮੈਂ ਇਮਾਮ ਮਹਦੀ ਦੇ ਪ੍ਰਕਟ ਹੋਣ ਐਲਾਨ ਕੀਤਾ ਆਪਣੇ ਤੇ ਪਰਾਏ ਸਾਰੇ ਮੇਰੇ ਦੁਸ਼ਮਣ ਹੋ ਗਏ । ਮਸਜਿਦਾਂ ਵਿੱਚੋਂ ਮੇਰੇ ਕੁਫ਼ਰ ਦੇ ਫ਼ਤਵੇ ਜਾਰੀ ਹੋ ਗਏ ਫਿਰ ਮੈਂ ਰੱਬ ਤੋਂ ਦੁਆ ਮੰਗੀ ਕਿ ਇਸ ਜਾਤਰਾ ਦੀ ਪੂਰਨਤਾ ਲਈ ਮੈਂਨੂੰ ਇਕ ਸਾਥੀ ਪ੍ਰਦਾਨ ਕਰ ਤਾਂ ਰੱਬ ਨੇ ਮੈਂਨੂੰ ਅਜਿਹੇ ਨੇਕ ਤੇ ਚੰਗੇ ਲੋਕ ਉਪਲਭਦ ਕਰਾਏ ਜਿੰਨ੍ਹਾ ਨੂੰ ਮੈਂ ਜਾਣਦਾ ਵੀ ਨਹੀਂ ਸੀ ਅਤੇ ਉਹੋ ਮੇਰੇ ਵਾਸਤਵਿਕ ਸੰਬਧੀ ਠਹਿਰੇ ।

ਫਿਰ ਇਕ ਮਿਤੱਰ ਹਨ ਮੁਹਮੱਦ ਅਬਦੁਲੱਾਹ ਸਾਹਬ ਜੋ ਸੀਰੀਆ ਦ ਹਨ ਅੱਜਕਲ ਕੈਨੇਡਾ ਵਿੱਚ ਰਹਿੰਦੇ ਹਨ । ਕਹਿੰਦੇ ਹਨ ਕਿ ਮੈਂ ਇਕ ਸੇਲਜ਼ਮੈਂਨ ਦੀ ਜਾਬ ਕਰਦਾ ਸੀ । ਮੇਰੇ ਗਾਹਕਾਂ ਵਿੱਚੋਂ ਇਕ ਵਿਅਕਤੀ ਦੇ ਪੁਤੱਰ ਨਾਲ ਮੇਰਾ ਪਰੀਚੇ ਹੋਇਆ, ਇਹ ਨੌਜੁਆਨ ਅਹਮਦੀ ਸੀ, ਉਸ ਨਾਲ ਸੰਬੰਧ ਅੱਗੇ ਵੱਧਿਆ ਤਾਂ ਉਸ ਨੇ ਮੈਂਨੂੰ ਜਮਾਤ ਅਹਮਦੀਆ ਬਾਰੇ ਦੱਸਿਆ । ਉਸ ਨੇ ਮੈਂਨੂੰ ਇਸਲਾਮੀ ਉਸੂਲ ਦੀ ਫ਼ਿਲਾਸਫ਼ੀ ਦਾ ਅਰਬੀ ਅਨੁਵਾਦ ਦਿਤੱਾ । ਮੈਂ ਉਸ ਕਿਤਾਬ ਨੂੰ ਪੜ੍ਹਕੇ ਬਹੁਤ ਪ੍ਰਭਾਵਤ ਹੋਇਆ ਅਤੇ ਉਸ ਵਿੱਚ ਪਾਈ ਜਾਣ ਵਾਲੀਆਂ ਉਚਿਤ ਗੱਲਾਂ ਮੈਂਨੂੰ ਬਹੁਤ ਪਸੰਦ ਆਈਆਂ । ਫ਼ਿਰ ਲਗਭਗ ਇਕ ਸਾਲ ਤੱਕ ਜਮਾਤ ਦੀਆਂ ਵੱਖ ਵੱਖ ਕਿਤਾਬਾਂ ਪੜ੍ਹਦਾ ਰਿਹਾ ਅਤੇ ਐਮ.ਟੀ.ਏ. ਵੀ ਦੇਖਣਾ ਸ਼ੁਰੂ ਕਰ ਦਿਤੱਾ । ਇਕ ਸਾਲ ਦੇ ਅਧਿਐਨ ਅਤੇ ਐਮ.ਟੀ.ਏ. ਦੇਖਣ ਅਤੇ ਜਮਾਤ ਦੇ ਅਕੀਦਿਆਂ ਦੀ ਤੁਲਨਾ ਕਰਨ ਦੇ ਬਾਦ ਮੇਰੇ ਮਨ ਵਿੱਚ ਜਮਾਤ ਅਹਮਦੀਆ ਵਿੱਚ ਸ਼ਾਮਲ ਹੋਣ ਦੀ ਇਛੱਾ ਜਨਮ ਲੈਂਣ ਲੱਗੀ । ਮੈਂ ਇਸਤਿਖ਼ਾਰਾ ਕਰਨਾ ਸ਼ੁਰੂ ਕੀਤਾ । ਕੁਝ ਦਿਨਾਂ ਬਾਦ ਆਉਣ ਵਾਲੀ ਇਕ ਰਾਤ ਮੇਰੇ ਲਈ ਪਵਿਤੱਰ ਰਾਤ ਸਾਬਤ ਹੋਈ ਜਿਸ ਵਿੱਚ ਮੈਂ ਇਕ ਮਹਾਨ ਸੁਪਨਾ ਦੇਖਿਆ । ਮੈਂ ਆਪਣੇ ਇਕ ਨੇਕ ਤੇ ਪਾਕ ਰਿਸ਼ਤੇਦਾਰ ਨੂੰ ਸੁਪਨੇ ਵਿੱਚ ਦੇਖਿਆ । ਉਸ ਨੇ ਮੈਂ ਇਕ ਵਰਕਾ ਦਿੰਦਿਆਂ ਹੋਇਆਂ ਕਿਹਾ ਕਿ ਇਹ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਵੱਲੋਂ ਹੈ । ਮੈਂ ਉਸ ਨੂੰ ਪੂਰੇ ਸ਼ੌਕ ਨਾਲ ਖੋਲਿਆ ਤਾਂ ਉਸ ਵਿੱਚ ਲਿਖਿਆ ਸੀ, (السلام علیکم ورحمة الله وبرکاته) 'ਅਸੱਲਾਮੁ ਅਲੈਕੁਮ ਵ ਰਹਮਾਤੁਲੱਾਹਿ ਵ ਬਰਕਾਤੁਹੂ' ਅਤੇ ਮੈਂ ਜਾਗਿਆ ਤਾਂ ਬਹੁਤ ਖ਼ੁਸ ਸੀ ਅਤੇ ਮੇਰੀ ਜ਼ਬਾਨ'ਤੇ ਇਹ ਆਇਤ ਕਰੀਮਾ ਜਾਰੀ ਸੀ ਕਿਹਾ اُدۡخُلُوۡهَا بِسَلٰمٍ اٰمِنِیۡنَ 'ਉਦਖ਼ੁਲੂਹਾ ਬਿਸਲਾਮਿਨ ਆਮਿਨੀਨ' ਕਿ ਇਹਨਾਂ ਵਿੱਚ ਸਲਾਮਤੀ ਦੇ ਨਾਲ ਬੇਖ਼ੌਫ਼ ਦਾਖ਼ਲ ਹੋ ਜਾਓ । ਕਹਿੰਦੇ ਹਨ ਜਮਾਤ ਵਿੱਚ ਦਾਖ਼ਲ ਹੋਣ ਲਈ ਇਕ ਸਪਸ਼ਟ ਸੰਦੇਸ਼ ਸੀ ਕਿ ਮੇਰੇ ਇਸਤਿਖ਼ਾਰੇ ਦਾ ਉਤੱਰ ਹੈ ਅਤੇ ਇਸ ਕਾਰਣ ਕਰਕੇ ਵੀ ਮੈਂ ਫਿਰ ਬੈਅਤ ਕਰ ਲਈ ।

ਫਿਰ ਇਕ ਇਸਤਰੀ ਹਨ ਸੀਰੀਆ ਦੀ, ਉਹ ਕਹਿੰਦੀ ਹਨ ਕਿ ਅਹਮਦੀਅਤ ਬਾਰੇ ਜਾਨਣ ਤੋਂ ਪਹਿਲਾਂ ਮੈਂ ਅਤੇ ਮੇਰੀ ਭੈਣ ਇਕ ਜਮਾਤ ਨੂੰ ਸਚੱਾ ਸਮਝਕੇ ਉਸ ਵਿੱਚ ਸ਼ਾਮਲ ਹੋਏ ਪਰ ਬਾਦ ਵਿੱਚ ਪਤਾ ਲਗੱਾ ਕਿ ਇਸ ਜਮਾਤ ਨੇ ਤਾਂ ਸ਼ਰੀਅਤ ਦੇ ਨਾਂ'ਤੇ ਆਪਣੀ ਹੀ ਸ਼ਰੀਅਤ ਬਣਾਈ ਹੋਈ ਹੈ । ਇਸ ਦੇ ਬਾਦ ਮੈਂ ਰੱਬ ਤੋਂ ਰੋ ਰੋਕੇ ਦੁਆਵਾਂ ਕੀਤੀਆਂ ਅਤੇ ਅਰਜ਼ ਕੀਤੀ ਕਿ ਹੇ, ਰੱਬਾ ! ਮੈਂਨੂੰ ਦੱਸ ਕਿ ਅੱਜ ਤੇਰਾ ਸਹੀ ਦੀਨ ਕਿੱਥੇ ਹੈ ਅਤੇ ਅੱਜ ਕਿਸ ਜਮਾਤ ਨੂੰ ਤੇਰੀ ਤਾਈਦ ਹਾਸਲ ਹੈ । ਅਜਿਹੀ ਹਾਲਤ ਵਿੱਚ ਮੈਂ ਦਖਿਆ ਕਿ ਇਕ ਵਿਅਕਤੀ ਮੇਰੇ ਨਾਲ ਆਣ ਖਲੋਤਾ ਹੈ ਅਤੇ ਇਸ ਅਵਸਥਾ ਵਿੱਚ ਮੈਂਨੂੰ ਇਹੋ ਅਨੁਭਵ ਹੋਇਆ ਕਿ ਉਹ ਮੇਰੇ ਨਾਲ ਹਮਦਰਦੀ ਕਰਨ ਲਈ ਆਇਆ ਹੈ । ਮੈਂ ਉਸ ਨੂੰ ਦੇਖਕੇ ਦਿਲ ਵਿੱਚ ਕਿਹਾ ਕਿ ਇਹ ਅਿਵਕਤੀ ਕੌਣ ਹੈ ਪਰ ਮੈਂਨੂੰ ਇਸ ਦਾ ਕੋਈ ਉਤੱਰ ਨਹੀਂ ਮਿਲਿਆ । ਅਗਲੇ ਦਿਨ ਫਿਰ ਮੈਂ ਬਹੁਤ ਰੋਈ ਏਥੋਂ ਤੱਕ ਕਿ ਮੇਰੀ ਹਿਜਕੀਆਂ ਬਣ ਗਈਆਂ ਅਤੇ ਮੈਂ ਮੁੜ੍ਹ ਉਸ ਵਿਅਕਤੀ ਨੂੰ ਆਪਣੇ ਨਾਲ ਦੇਖਿਆ । ਫਿਰ ਤੀਜੀ ਵਾਰ ਉਸੇ ਪ੍ਰਕਾਰ ਹੋਇਆ ਤਾਂ ਮੈਂ ਉੱਚੀ ਅਵਾਜ਼ ਵਿੱਚ ਰੱਬ ਦੀ ਹਜ਼ੂਰੀ ਵਿੱਚ ਮੰਗ ਕੀਤੀ ਕਿ ਹੇ, ਰਬੱਾ ਮੈਂਨੂੰ ਦੱਸ ਕਿ ਇਹ ਹਮਦਰਦ ਵਿਅਕਤੀ ਕੌਣ ਹੈ ਅਤੇ ਵਾਰ ਵਾਰ ਮੈਂਨੂੰ ਕਿਉਂ ਦਿਖਾਈ ਦਿੰਦਾ ਹੈ । ਇਸ ਪ੍ਰਸ਼ਨ ਦਾ ਉਤੱਰ ਮੈਂਨੂੰ ਕੁਝ ਸਮੇਂ ਬਾਦ ਮਿਲਿਆ । ਮੈਂ ਇਕ ਅਦਭੁਤ ਸੁਪਨਾ ਦੇਖਿਆ ਜਿਸ ਨੇ ਮੇਰੀ ਕਾਇਆ ਪਲਟ ਦਿੱਤੀ । ਮੈਂ ਦੇਖਿਆ ਕਿ ਮੈਂ ਇਕ ਵੱਡੇ ਮੈਦਾਨ ਵਿੱਚ ਹਾਂ । ਅਜਿਹੇ ਸਮੇਂ ਕੁਝ ਲੋਕਾਂ ਨੂੰ ਇਕ ਕਾਰ ਵਿੱਚ ਆਉਂਦਿਆਂ ਦੇਖਿਆ ਜਿਸ ਦੀ ਛੱਤ ਉਪੱਰ ਸਟੈਲਾਈਟ ਡਿਸ਼ ਲੱਗੀ ਹੁੰਦੀ ਹੈ । ਉਹਨਾਂ ਦੀ ਕਾਰ ਇਸ ਮੈਦਾਨ ਵਿਚਕਾਰ ਆਣਕੇ ਖੜੀ ਹੋ ਜਾਂਦੀ ਹੈ ਅਤੇ ਉਸ ਵਿੱਚੋਂ ਕੁਝ ਲੋਕ ਸਮਾਨ ਕਢੱਕੇ ਹੇਠਾਂ ਰਖੱਦੇ ਜਾਂਦੇ ਹਨ । ਉਹਨਾਂ ਵਿੱਚੋਂ ਇਕ ਵਿਅਕਤੀ ਨੇ ਅਰਬੀ ਵਸਤਰ ਪਾਇਆ ਹੋਇਆ ਹੈ ਅਤੇ ਉਸ ਦਾ ਚਿਹਰਾ ਰੌਸ਼ਨ ਹੈ । ਅਚਨਚੇਤ ਇਹ ਵਿਅਕਤੀ ਮੈਦਾਨ ਵਿੱਚੋਂ ਮੇਰੇ ਸਾਹਮਣੇ ਆਣ ਖਲੋਂਦਾ ਅਤੇ ਮੈਂਨੂੰ ਕਹਿੰਦਾ ਹੈ ਕਿ ਭੈਣ ਤੁਸੀਂ ਐਥੇ ਕੀ ਕਰ ਰਹੀ ਹੋ ? ਮੈਂ ਉਸ ਨੂੰ ਉਤੱਰ ਦੇਣ ਦੀ ਥਾਂ ਉਸ ਨੂੰ ਪੁਛੱਦੀ ਹਾਂ ਕਿ ਆਪ ਲੋਕ ਏਥੇ ਕੀ ਕਰ ਰਹੇ ਹਨ । ਉਹ ਕਹਿੰਦਾ ਹੈ ਕਿ ਅਸੀਂ ਨਵਾਂ ਟੀਵੀ ਚੈਨਲ ਖੋਲਣ ਲੱਗੇ ਹਾਂ ਕੀ ਤੁਸੀਂ ਇਸ ਨੂੰ ਦੇਖੋਗੀ । ਮੈਂ ਕਹਿੰਦੀ ਹਾਂ ਕਿਉਂ ਨਹੀਂ ਮੈਂ ਜ਼ਰੂਰ ਦੇਖਾਂਗੀ । ਇਸੇ ਗਲਬਾਤ ਵਿੱਚ ਮੇਰੀ ਅੱਖ ਖੁਲ੍ਹ ਗਈ । ਅਗੱਲੇ ਦਿਨ ਮੈਂ ਟੀਵੀ ਲੈ ਆਈ ਅਤੇ ਕੁਝ ਦੇਰ ਵਿੱਚ ਸਭ ਕੁਝ ਸੈਟ ਕਰ ਲਿਆ ਵਾਰੀ ਵਾਰੀ ਵੱਖ ਵੱਖ ਚੈਨਲਾਂ ਨੂੰ ਦੇਖਣ ਵਿਚਕਾਰ ਮੈਂ ਅਨੁਭਵ ਕੀਤਾ ਕਿ ਇਕ ਚੈਨਲ ਇਹਨਾ ਸਾਰਿਆਂ ਤੋਂ ਵਖੱਰਾ ਹੈ । ਇਹੋ ਕਾਰਣ ਸੀ ਕਿ ਮੈਂ ਬਾਕੀ ਸਾਰਿਆਂ ਚੈਨਲਾਂ ਨੂੰ ਛਡੱਕੇ ਕੁਝ ਦੇਰ ਲਈ ਇਸ ਨੂੰ ਦੇਖਣ ਲੱਗ ਗਈ । ਇਹ ਚੈਨਲ ਐਮ.ਟੀ.ਏ. ਸੀ ਅਤੇ ਇਸ ਸਮੇਂ ਪ੍ਰੋਗਰਾਮ ਅਲਹਵਾਰ ਦਾ ਚੱਲ ਰਿਆ ਸੀ । ਇਸ ਪ੍ਰੋਗਰਾਮ ਨੂੰ ਦੇਖਦਿਆਂ ਸਮੇਂ ਮੇਰੀ ਨਜ਼ਰ ਪ੍ਰੋਗਰਾਮ ਦੇ ਮੇਜ਼ਬਾਨ ਵੱਲ ਉੱਠੀ ਅਤੇ ਮੈਂਨੂੰ ਵਿਚਾਰ ਲੰਘਿਆ ਕਿ ਮੈਂ ਇਸ ਨੂੰ ਕਿਤੇ ਦੇਖਿਆ ਹੈ । ਅਚਾਨਕ ਮੈਂਨੂੰ ਚੇਤੇ ਆਇਆ ਕਿ ਇਹ ਤਾਂ ਉਹੋ ਵਿਅਕਤੀ ਹੈ ਜਿਸ ਨੂੰ ਮੈਂ ਸੁਪਨੇ ਵਿੱਚ ਵੱਡੇ ਮੈਦਾਨ ਵਿੱਚ ਸੈਟੇਲਾਈਟ ਚੈਨਲ ਖੋਲ੍ਹਦਿਆਂ ਹੋਇਆਂ ਦੇਖਿਆ ਸੀ । ਇਕ ਦਿਨ ਮੈਂ ਆਪਣੀ ਦਿਨਚਰਿਆ ਅਨੁਸਾਰ ਪ੍ਰੋਗਰਾਮ ਦੇਖ ਰਹੀ ਸੀ ਕਿ ਇਸ ਵਿੱਚ ਇਮਾਮ ਮਹਦੀ ਅਤੇ ਮਸੀਹ ਮੌਊਦ ਦੇ ਸ਼ਬਦ ਸੁਣਕੇ ਝੱਟ ਧਿਆਨ ਕੇਂਦਰਤ ਹੋ ਗਈ । ਐਨ੍ਹੇ ਵਿੱਚ ਇਕ ਤਸਵੀਰ ਟੀਵੀ ਸਿਕ੍ਰੀਨ ਉਪੱਰ ਪ੍ਰਕਟ ਹੋਈ ਅਤੇ ਉਸ ਦੇ ਹੇਠਾਂ ਇਮਾਮ ਮਹਦੀ ਅਤੇ ਮਸੀਹ ਮੌਊਦ ਦੇ ਸ਼ਬਦ ਲਿਖੇ ਹੋਏ ਸਨ । ਮੇਰਾ ਅਚੰਭਾ ਹੋਰ ਵੱਧਿਆ ਐਨ੍ਹੇ ਵਿੱਚ ਇਮਾਮ ਮਹਦੀ ਦੇ ਕਲਾਮ ਦੇ ਕਥਨ ਪੇਸ਼ ਕੀਤੇ ਗਏ । ਪਹਿਲੇ ਕਥਨ ਦਾ ਪਹਿਲਾ ਵਾਕ ਹੀ ਮੇਰੀ ਕਾਇਆ ਪਲਟਣ ਲਈ ਬਹੁਤ ਸਾਬਤ ਹੋਇਆ ਜੋ ਇਹ ਸੀ । وَوَاللّٰہِ اِنِّیْ مِنَ اللّٰہِ اَتَیْتُ وَمَا افْتَرَیْتُ وَقَدْ خَابَ مَنِ افْتَرٰی

ਅਰਥਾਤ ਰੱਬ ਦੀ ਸਹੁੰ ! ਮੈਂ ਰੱਬ ਵੱਲੋਂ ਆਇਆ ਹਾਂ, ਨ ਕਿ ਮੈਂ ਕੋਈ ਝੂਠ ਬੋਲਿਆ ਹੈ । ਨਿਸ਼ਚੇ ਹੀ ਝੂਠ ਨਾਲ ਕੰਮ ਲੈਂਣ ਵਾਲਾ ਹੀਣਾ ਤੇ ਘਾਟੇ ਵਿੱਚ ਰਹਿੰਦਾ ਹੈ । ਇਹ ਸ਼ਬਦ ਸੁਣਦਿਆਂ ਹੀ ਮੈਂ ਬੇਅਖ਼ਤਿਆਰ ਹੋਕੇ ਕਿਹਾ

ਕਿ ਇਹ ਕਿਸੇ ਸੱਚੇ ਦਾ ਕਲਾਮ ਹੈ ਨਿਸ਼ਚੇ ਹੀ ਇਹ ਵਿਅਕਤੀ ਆਪਣੇ ਦਾਵੇ ਵਿੱਚ ਸਚੱਾ ਹੈ ਅਤੇ ਇਹੋ ਮਸੀਹ ਮੌਊਦ ਅਤੇ ਇਮਾਮ ਮਹਦੀ ਹੈ । ਕਥਨ ਦੌਰਾਨ ਹੀ ਜੱਦ ਮੁੜ੍ਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਸਵੀਰ ਦਿਖਾਈ ਗਈ ਤਾਂ ਇਸ ਵਾਰ ਇਸ ਨੂੰ ਦੇਖਕੇ ਠਿਠਕ ਕੇ ਰਹਿ ਗਈ ਕਿਉਂਕਿ ਇਹ ਓਹੋ ਵਿਅਕਤੀ ਸੀ ਜਿਸ ਨੂੰ ਪਹਿਲਾਂ ਮੈਂ ਸੁਪਨਿਆਂ ਵਿੱਚ ਦੇਖ ਚੁਕੀ ਸੀ, ਜੱਦ ਮੈਂ ਰੋ ਰੋਕੇ ਰੱਬ ਕੋਲੋਂ ਦੁਆ ਮੰਗੀ ਸੀ ਕਿ ਤੇਰਾ ਸਹੀ ਦੀਨ ਕਿੱਥੇ ਹੈ ਅਤੇ ਕਿਸ ਜਮਾਤ ਨੂੰ ਤੇਰੀ ਤਾਈਦ ਹਾਸਲ ਹੈ, ਉਸ ਸਮੇਂ ਇਹੋ ਵਿਅਕਤੀ ਮੇਰੇ ਨਾਲ ਹਮਦਰਦੀ ਕਰਨ ਲਈ ਆਇਆ ਸੀ ਅਤੇ ਇਸ ਨੂੰ ਦੇਖਕੇ ਮੈਂ ਦਿਲ ਵਿੱਚ ਕਿਹਾ ਸੀ ਕਿ ਨ ਜਾਣੇ ਇਹ ਕੌਣ ਵਿਅਕਤੀ ਹੈ । ਹੁਣ ਟੀਵੀ ਉਪੱਰ ਉਹੋ ਤਸਵੀਰ ਦੇਖਕੇ ਮੈਂਨੂੰ ਆਪਣਾ ਸੁਪਨਾ ਅਤੇ ਉਸ ਦਾ ਸੁਪਨਫ਼ਲ ਸਮਝ ਆ ਗਿਆ । ਰੱਬ ਨੇ ਮੈਂਨੂੰ ਉਸ ਸਮੇਂ ਦੱਸਿਆ ਸੀ ਕਿ ਇਹ ਵਿਅਕਤੀ ਜਿਸ ਦੀ ਜਮਾਤ ਨੂੰ ਰੱਬੀ ਤਾਈਦ ਹਾਸਲ ਹੈ ਅਤੇ ਇਹੋ ਰਬ ਦੇ ਸੱਚੇ ਦੀਨ (ਧਰਮ) ਦੀ ਨੁਮਾਇੰਦਾ ਜਮਾਤ ਹੈ । ਕਹਿੰਦੀ ਹਨ ਕਿ ਮੈਂ ਰੋਂਦਿਆਂ ਹੋਇਆਂ ਇਸ ਤਸਵੀਰ ਨੂੰ ਸੰਬੋਧਨ ਹੋਕੇ ਕਿਹਾ ਕਿ ਅੱਜ ਤੂੰ ਹੀ ਇਸਲਾਮ ਬਚਾਓ ਦਾ ਕੰਮ ਕਰ ਰਿਹਾ ਹੈਂ । ਤਾਂ ਇਸਾਈਆਂ ਦੇ ਭਰਮਾ ਦਾ ਰੱਦ ਕਰ ਰਿਹਾ ਹੈਂ । ਤੂੰ ਹੀ ਸਚੱਾ ਮਸੀਹ ਤੇ ਮਹਦੀ ਹੈਂ ਮੈਂ ਤੇਰੀ ਤਸਦੀਕ ਕਰਦੀ ਹਾਂ ਅਤੇ ਤੇਰੀ ਬੈਅਤ ਕਰਦੀ ਹਾਂ, ਹਾਲਾਂਕਿ ਉਸ ਸਮੇਂ ਮੈਂਨੂੰ ਪਤਾ ਨਹੀਂ ਸੀ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਕਰਨੀ ਜ਼ਰੂਰੀ ਹੈ । ਮੈਂ ਆਪਣੇ ਨੇੜਲੇ ਲੋਕਾਂ ਨੂੰ ਇਸ ਚੈਨਲ ਅਤੇ ਜਮਾਤ ਬਾਰੇ ਦੱਸਿਆ ਤਾਂ ਅਧਿਕਤਰ ਲੋਕਾਂ ਨੇ ਮੇਰੀ ਇਸ ਗੱਲ ਨੂੰ ਗੰਭੀਰਤਾ ਨਾਲ ਨ ਲਿਆ । ਹਾਂ ਮੇਰੀ ਭੈਣ ਤੇ ਮਾਸੀ ਨੇ ਅਨੇਕਾਂ ਵਾਰੀ ਐਮ.ਟੀ.ਏ. ਦੇਖਣ ਦੇ ਬਾਦ ਬੈਅਤ ਕਰਨ ਦਾ ਫ਼ੈਸਲਾ ਕਰ ਲਿਆ ਅਤੇ ਫਿਰ ਬਾਦ ਵਿੱਚ ਮੇਰੀ ਮਾਂ, ਭਾਈ ਤੇ ਹੋਰਨਾ ਦੋ ਭੈਣਾ ਨੇ ਵੀ ਬੈਅਤ ਕਰ ਲਈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ ਨੇ ਇਹਨਾ ਸੁਪਨਿਆਂ ਤੇ ਰੋਯਾ ਦੇ ਅਧਾਰ'ਤੇ ਅਹਮਦੀਆਤ ਕੁਬੂਲ ਕਰਨ ਵਾਲਿਆਂ ਦੀਆਂ ਘਯਨਾਵਾਂ ਤੋਂ ਬਿਨਾ ਇਮਾਨ ਵਧਾਉਣ ਵਾਲੀਆਂ ਕੁਝ ਘਟਨਾਵੰ ਵੀ ਸੁਣਾਈਆਂ ਅਤੇ ਅਖ਼ੀਰ ਵਿੱਚ ਫ਼ਰਮਾਇਆ : ਇਹ ਕੁਝ ਘਟਨਾਵਾਂ ਹਨ ਜੋ ਮੈਂ ਵਰਨਣ ਕੀਤੀਆਂ ਹਨ । ਇਸ ਪ੍ਰਕਾਰ ਦੀਆਂ ਬਹੁਤ ਸਾਰੀਆਂ ਗਟਨਾਵਾਂ ਹਨ । ਅਲੱਾਹ ਤਆਲਾ ਇਹਨਾ ਨਵੇਂ ਆਉਣ ਵਾਲਿਆਂ ਦੇ ਇਮਾਨ ਵਿੱਚ ਅਤੇ ਵਿਸ਼ਵਾਸ਼ ਵਿੱਚ ਤਰੱਕੀ ਪ੍ਰਦਾਨ ਕਰੇ, ਨੇਕੀ ਤੇ ਵਫ਼ਾਦਾਰੀ ਵਿੱਚ ਵਧਾਏ ਅਤੇ ਅਸੀਂ ਜੋ ਪਹਿਲੇ ਅਹਮਦੀ ਹਨ ਸਾਡੇ ਵਿੱਚੋਂ ਵੀ ਹਰ ਇਕ ਨੂੰ ਨੇਕੀ ਤੇ ਇਮਾਨ ਵਿੱਚ ਵਧਾਏ ।

**Khulasa Khutba Jumma 24.11.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131